# ਜਬ ਕੀ ਮਾਲਾ ਲਈ ਨਿਪੂਤੇ

ਬਿਲਾਵਲੁ ॥

ਨਿਤ ਉਠਿ ਕੋਰੀ ਗਾਗਰਿ ਆਨੈ ਲੀਪਤ ਜੀਉ ਗਇਓ॥

ਤਾਨਾ ਬਾਨਾ ਕਛੂ ਨ ਸੂਝੈ ਹਰਿ ਹਰਿ ਰਸਿ ਲਪਟਿਓ॥੧॥

ਇਹ ਸ਼ਬਦ, ਭਗਤ ਕਬੀਰ ਜੀ ਨੇ ਬਿਲਾਵਲ ਰਾਗ ਵਿਚ ਉਚਾਰਣ ਕੀਤਾ ਹੈ, ਜੋ ਪੰਨਾ ੮੫੬ ਤੇ ਸੁਭਾਇਮਾਨ ਹੈ।

ਇਸ ਸ਼ਬਦ ਵਿਚ ਭਗਤ ਕਬੀਰ ਸਾਹਿਬ ਦੀ ਮਾਤਾ, ਭਗਤ ਕਬੀਰ ਜੀ ਦਾ ਸਾਧੂ ਸੰਗਤਿ ਅਤੇ ਸਿਮਰਣ ਵਿਚ ਰੁਝੇਵਾਂ ਅਤੇ ਉਨ੍ਹਾਂ ਦੀ ਦੁਨਿਆਵੀ ਕਾਰ-ਵਿਹਾਰ ਵਲ ਉਪਰਾਮਤਾ ਬਾਰੇ ਰੋਣਾ ਰੋਂਦੀ ਹੈ ਅਤੇ ਭਗਤ ਕਬੀਰ ਜੀ ਨੇ ਉਨ੍ਹਾਂ ਦਾ ਸੁੰਦਰ ਉਤਰ ਦਿਤਾ ਹੈ।

-- ਭਗਤ ਜੀ ਦੀ ਮਾਤਾ, ਆਪਣੀਆਂ ਦਰਾਣੀਆਂ ਜਠਾਣੀਆਂ ਦੇ ਵਿਚ ਬੈਠ ਕੇ ਆਪਣੇ ਪੁਤਰ, ਕਬੀਰ ਸਾਹਿਬ ਦੇ ਨਿਤ ਦੇ ਕਾਰ ਵਿਹਾਰ ਤੋਂ ਅਤਿਅੰਤ ਦੁਖੀ ਹੋ ਕੇ, ਰੋਣੇ ਰੋਂਦੀ ਹੈ। ਕਹਿੰਦੀ ਹੈ ਕਿ ਵੇਖੋ ! ਮੇਰਾ ਪੁਤਰ, ਹੈ ਤਾਂ ਜਾਤ ਦਾ ਜੁਲਾਹਾ, ਪਰ ਕੰਮ ਕੋਈ ਹੋਰ ਹੀ ਫ਼ੜ੍ਹ ਰਖੇ ਹਨ। 'ਕੋਰੀ' ਦਾ ਅਰਥ 'ਜੁਲਾਹਾ' ਵੀ ਹੈ ਅਤੇ 'ਅੰਨ੍ਹਾਂ' ਜਾਂ 'ਅਗਿਆਨੀ' ਵੀ ਹੈ। ਭਾਵ, ਇਹ ਮੇਰੇ ਪੁਤਰ ਨੂੰ ਇਤਨੀ ਵੀ ਸਮਝ ਨਹੀਂ ਕਿ ਜੁਲਾਹੇ ਨੂੰ ਜੁਲਾਹਿਆਂ ਵਾਲੇ ਕੰਮ ਹੀ ਕਰਨੇ ਚਾਹੀਦੇ ਹਨ ਪਰ ਇਸ ਦਾ ਚਿੱਤ, ਰੋਜ਼ ਗਾਗਰ ਭਰ ਜਲ ਲਿਆ ਕੇ, ਉਹ ਸਥਾਨ ਸਾਫ਼ ਕਰਣ ਵਿਚ ਹੀ ਲਗਿਆ ਹੋਇਆ ਹੈ ਜਿਥੇ ਇਸਨੇ ਬਾਹਰੋਂ ਸਾਧ ਜਨਾਂ ਨੂੰ ਲਿਆ ਕੇ ਬਿਠਾਣਾ ਅਤੇ ਰਾਮ ਨਾਮ ਦਾ ਜਾਪ ਜਪਣਾ ਹੁੰਦਾ ਹੈ। ਇਸੇ ਕਾਰਜ ਵਿਚ ਇਸਨੇ ਜਾਨ ਗਵਾਈ ਪਈ ਹੈ (ਜੀਉ ਗਇਓ)। 'ਕੋਰੀ' ਕਹਿ ਕੇ ਭਗਤ ਜੀ ਨੂੰ ਆਪਣੇ ਜਨਮ ਜਾਤ, ਭਾਵ, ਜੁਲਾਹਿਆਂ ਵਾਲੇ ਕਾਰਜ ਵਲੋਂ ਅਗਿਆਨੀ ਵੀ ਕਹਿ ਰਹੀ ਹੈ।

-- ਅਗੋਂ ਹੋਰ ਕਹਿੰਦੀ ਹੈ ਕਿ ਜੁਲਾਹਿਆਂ ਵਾਲਾ ਕੰਮ, ਸੂਤ ਕਤਣਾ ਅਤੇ ਕਪੜਾ ਬੁਣਨਾ ਤਾਂ ਇਸ ਨੂੰ ਉੱਕਾ ਹੀ ਨਹੀਂ ਸੁਝਦਾ, ਬੱਸ, 'ਹਰਿ ਹਰਿ', ਭਾਵ ਰਾਮ ਨਾਮ ਦੇ ਸਿਮਰਣ ਦੇ ਰੱਸ ਵਿਚ ਹੀ ਲਿਬੜਿਆ ਰਹਿੰਦਾ ਹੈ, ਗ਼ਲਤਾਨ ਰਹਿੰਦਾ ਹੈ।੧।

ਗੁਰਬਾਣੀ ਵਿਚ, ਜਿਥੇ ਜਿਥੇ ਵੀ 'ਹਰਿ ਹਰਿ' ਆਉਂਦਾ ਹੈ, ਉਸ ਦਾ ਅਰਥ, 'ਗੁਰਮੰਤਰ ਰਾਹੀਂ ਸਿਮਰਣ ਕਰਣਾ' ਹੀ ਹੁੰਦਾ ਹੈ। ਭਾਵੇਂ ਕਬੀਰ ਸਾਹਿਬ '**ਰਾਮ**' ਗੁਰਮੰਤਰ ਦਾ ਜਾਪ ਜਪਦੇ ਸਨ ਤਾਂ ਵੀ ਇਸ ਸਿਮਰਣ ਨੂੰ ਦਰਸਾਉਣ ਲਈ 'ਹਰਿ ਹਰਿ' ਅੰਕਤ ਕੀਤਾ ਗਿਆ ਹੈ।

**ਹਮਾਰੇ ਕੁਲ ਕਉਨੇ ਰਾਮੁ ਕਹਿਓ।।**

**ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖੁ ਨ ਭਇਓ।।੧।।ਰਹਾਉ।।**

-- ਮਾਤਾ ਸਪੱਸ਼ਟ ਤੌਰ ਤੇ ਕਹਿੰਦੀ ਹੈ ਕਿ ਉਨ੍ਹਾਂ ਦੀ ਸਾਰੀ ਕੁਲ ਵਿਚ '**ਰਾਮ ਰਾਮ**' ਕਹਿਣ ਦਾ ਰਿਵਾਜ਼ ਹੀ ਨਹੀਂ। ਹੁਣ ਤਕ, ਸਾਰੀ ਕੁਲ ਵਿਚ ਕਿਸੇ ਨੇ ਵੀ '**ਰਾਮ ਰਾਮ**' ਨਹੀਂ ਸੀ ਜਪਿਆ। ਇਥੇ ਪ੍ਰਸ਼ਨਾਤਮਕ ਵਿਧੀ ਰਾਹੀਂ ਇਹ ਬਿਆਨ ਆਇਆ ਕਿ ਭਲਾ, ਸਾਡੀ ਕੁਲ ਵਿਚ ਕਿਸ ਨੇ 'ਰਾਮੁ' ਗੁਰਮੰਤਰ ਜਪਿਆ ਸੀ !!

ਚਾਰ ਜਾਤਾਂ ਦੀ ਸਖ਼ਤ ਵਰਣ ਵੰਡ ਕਰ ਕੇ, ਜੁਲਾਹਾ, ਭਾਵ, ਸ਼ੂਦਰ ਜਾਤਿ ਨੂੰ '**ਰਾਮ ਰਾਮ**' ਦਾ ਸਿਮਰਣ ਕਰਣ ਦਾ ਅਧਿਕਾਰ ਹੀ ਨਹੀਂ ਸੀ ਤਾਂ ਕੁਲ ਵਿਚ ਕਿਸੇ ਦੇ ਰਾਮ ਨਾਮ ਜਪਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ਸੀ। ਭਗਤ ਕਬੀਰ ਜੀ ਨੂੰ ਵੀ ਤਾਂ, ਸਾਰੀ ਉਮਰ, ਬ੍ਰਾਹਮਣ ਜਾਤਿ ਦੀ ਜ਼ਬਰਦਸਤ ਮੁਖ਼ਾਲਫ਼ਤ ਸਹਿਣੀ ਪਈ ਸੀ।

-- ਜਦੋਂ ਤੋਂ, ਇਸ ਕਪੁਤਰ ਨੇ **ਸਿਮਰਣ ਕਰਣ ਲਈ ਮਾਲਾ ਪਕੜੀ** ਹੈ ਤਦ ਤੋਂ ਹੀ ਘਰ ਵਿਚੋਂ ਸੁਖ ਅਰਾਮ ਜਾਂਦਾ ਰਿਹਾ ਹੈ, ਭਾਵ, ਸੁਖ ਵੇਖਣ ਨੂੰ ਨਹੀਂ ਮਿਲਿਆ।੧।ਰਹਾਉ।

ਇਸ ਪੰਕਤੀ ਤੋਂ, ਇਕ ਇਹ ਵਹਿਮ ਦੂਰ ਹੋ ਜਾਂਦਾ ਹੈ ਕਿ ਭਗਤ ਜੀ ਜਾਂ ਗੁਰਬਾਣੀ, ਸਿਮਰਣ ਕਰਣ ਲਈ ਮਾਲਾ ਵਰਤਣ ਦੇ ਵਿਰੋਧੀ ਹਨ। ਉਹ ਸਿਰਫ਼ ਲੋਕ ਦਿਖਾਵੇ/ਪਖੰਡ ਦੇ ਸਿਮਰਣ ਦੇ ਵਿਰੋਧੀ ਹਨ, ਮਾਲਾ ਦੇ ਸਹੀ ਇਸਤੇਮਾਲ ਦੇ ਵਿਰੋਧੀ ਨਹੀਂ। ਜੁਗਾਂ ਜੁਗਾਂਤਰਾਂ ਤੋਂ ਸਿਮਰਣ ਕਰਣ ਲਈ ਮਾਲਾ ਦੀ ਸੁਜੋਗ ਵਰਤੋਂ ਹੁੰਦੀ ਆ ਰਹੀ ਹੈ। ਮਾਲਾ ਵਰਤ ਕੇ ਸਿਮਰਣ ਕਰਣ ਨਾਲ, ਮਨ ਇਕਾਗਰ ਕਰਣ ਵਿਚ ਮਦਦ ਮਿਲਦੀ ਹੈ। ਭਗਤ ਕਬੀਰ ਸਾਹਿਬ ਨੇ, ਪੰਨਾ ੧੧੦੫ ਤੇ, ਗੁਰ-ਜੋਤਿ ਦਾ ਸਰੂਪ ਬਿਆਨ ਕੀਤਾ ਹੈ ਕਿ ਉਸ ਨਾਰਾਇਣ ਸਰੂਪ ਨੇ ਸੰਖ, ਚੱਕ੍ਰ, **ਮਾਲਾ** (ਜਪਣੀ) ਅਤੇ ਤਿਲਕ ਧਾਰਣ ਕੀਤੇ

ਹੋਏ ਹਨ ਅਤੇ ਉਸ ਦਾ ਪ੍ਰਤਾਪ ਦੇਖ ਕੇ ਜਮਰਾਜ ਵੀ ਭੈਭੀਤ ਹੋ ਜਾਂਦਾ ਹੈ। ਜਿਨ੍ਹਾਂ ਨੇ ਰਾਮ ਪ੍ਰਭੂ ਨੂੰ ਜਪਿਆ ਹੈ ਉਨ੍ਹਾਂ ਦੇ ਅੰਦਰ ਰਾਮ ਪ੍ਰਭੂ ਦੀ ਸਤਿਆ, ਬਲ ਆ ਜਾਂਦਾ ਹੈ ਜਿਸ ਨਾਲ ਉਸ ਮਨੁਖ ਦਾ ਜਨਮ ਮਰਣ ਦਾ ਭੈ ਮੁਕ ਜਾਂਦਾ ਹੈ - 'ਸੰਖ ਚਕ੍ਰ ਮਾਲਾ ਤਿਲਕੁ ਬਿਰਾਜਿਤ ਦੇਖਿ ਪ੍ਰਤਾਪੁ ਜਮੁ ਡਰਿਓ।। ਨਿਰਭਉ ਭਏ ਰਾਮ ਬਲ ਗਰਜਿਤ ਜਨਮ ਮਰਨ ਸੰਤਾਪ ਹਿਰਿਓ।।'

ਕਿਸੇ ਉਪਰਲੀ ਅਵੱਸਥਾ ਤੇ ਪੁਜ ਕੇ, ਬਿਰਤੀ ਭੰਗ ਹੋਣ ਦਾ ਖ਼ਿਆਲ ਵੀ ਮੁਕ ਜਾਏ ਤਾਂ ਮਾਲਾ ਦੀ ਲੋੜ ਜਾਂ ਲਾਠੀ ਪਕੜ ਕੇ ਤੁਰਣ ਦੀ ਲੋੜ ਮੁਕ ਜਾਂਦੀ ਹੈ। ਉਦੋਂ ਇਸੇ ਅਵੱਸਥਾ ਦੇ ਧਾਰਣੀ ਕਬੀਰ ਸਾਹਿਬ ਕਹਿ ਉਠੇ - 'ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ।।..', ਪੰਨਾ ੧੩੬੪. ਪਰ ਬਹੁਤ ਭਗਤਾਂ ਨੇ ਉਚੇਰੀਆਂ ਟੀਸੀਆਂ ਨੂੰ ਛੋਹ ਕੇ ਵੀ, ਮਾਲਾ ਨੂੰ ਅਛੂਤ ਨਹੀਂ ਸਮਝਿਆ ਜਿਵੇਂ ਅਜ ਦੇ ਕੁਝ ਪ੍ਰਚਾਰਕਾਂ ਨੇ ਸਮਝ ਲਿਆ ਹੈ।

ਦੂਜੇ, ਕਈ ਜਨ ਇਸ ਨੂੰ 'ਗਿਣਤੀ ਮਿਣਤੀ' ਦਾ ਸਿਮਰਣ ਕਹਿ ਕੇ ਨਕਾਰ ਦਿੰਦੇ ਹਨ, ਜੋ ਕਿਸੇ ਹੱਦ ਤਕ ਤਾਂ ਉਚਿਤ ਹੋ ਸਕਦਾ ਹੈ ਪਰ ਪੂਰਣ ਤੌਰ ਤੇ ਨਹੀਂ। ਸਿਮਰਣ ਕਰਣ ਲਈ ਘਟ ਤੋਂ ਘਟ ਸਮਾਂ ਨਿਰਧਾਰਤ ਕਰਨਾ ਜ਼ਰੂਰੀ ਹੁੰਦਾ ਹੈ। ਹਾਂ, ਵਧ ਤੋਂ ਵਧ ਸਮੇਂ ਲਈ, ਸਮੇਂ ਦੀ ਗਿਣਤੀ ਦੀ ਲੋੜ ਨਹੀਂ। ਦਿਨ ਦੇ ਸਮੇਂ ਦਾ ਦਸਵੰਧ, ਢਾਈ ਘੰਟੇ ਬਣਦਾ ਹੈ। ਸੋ, ਨੇਮ ਨਿਭਾਉਣ ਲਈ, ਸਮੇਂ ਦੀ ਇਹ ਗਿਣਤੀ ਜ਼ਰੂਰੀ ਹੈ। ਇਸ ਤੋਂ ਵਧ ਸਮੇਂ ਲਈ ਸਿਮਰਣ ਕਰਣ ਲਈ ਗਿਣਤੀ ਮਿਣਤੀ ਦੀ ਕੋਈ ਲੋੜ ਨਹੀਂ। ਖ਼ਾਲਸੇ ਦੇ ਨਿਤਨੇਮ ਵਿਚ ਵੀ ਤਾਂ ਪੰਜ ਬਾਣੀਆਂ ਦੀ ਗਿਣਤੀ ਮਿਥੀ ਗਈ ਹੈ। ਪਰ ਵਧ ਬਾਣੀ ਦੇ ਪਾਠ ਲਈ ਗਿਣਤੀ ਮਿਣਤੀ ਦੀ ਕੋਈ ਸੀਮਾ ਨਹੀਂ। ਪੰਜ ਬਾਣੀਆਂ ਦੇ ਗਿਣਨ ਲਈ ਕੋਈ 'ਗਿਣਤੀ ਮਿਣਤੀ' ਕਹਿ ਕੇ ਅਲੋਚਨਾ ਨਹੀਂ ਕਰਦਾ ਪਰ ਫ਼ਿਰ ਸਿਮਰਣ ਦਾ ਨੇਮ ਬਣਾਉਣ ਲਈ 'ਗਿਣਤੀ ਮਿਣਤੀ' ਦਾ ਸਿਮਰਣ ਕਹਿ ਕੇ, ਅਲੋਚਨਾ ਕਿਉਂ ਕੀਤੀ ਜਾਏ !

**ਸੁਨਹੁ ਜਿਠਾਨੀ ਸੁਨਹੁ ਦਿਰਾਨੀ ਅਚਰਜੁ ਏਕੁ ਭਇਓ।।**
**ਸਾਤ ਸੂਤ ਇਨਿ ਮੁਡੀਂਏ ਖੋਏ ਇਹੁ ਮੁਡੀਆ ਕਿਉ ਨ ਮੁਇਓ।।੨।।**

-- ਭਗਤ ਕਬੀਰ ਸਾਹਿਬ ਦੀ ਮਾਤਾ, ਆਪਣੀਆਂ ਦਰਾਣੀਆਂ ਜਠਾਣੀਆਂ ਆਦਿ ਨੂੰ ਸੰਬੋਧਨ ਕਰਦੀ ਹੋਈ, ਆਪਣਾ ਦੁਖ ਰੋਂਦੀ ਹੈ ਕਿ ਵੇਖੋ

ਮੇਰਾ ਪੁਤਰ ਕਿਸ ਤਰ੍ਹਾਂ ਦਾ ਅਸਚਰਜ ਕੰਮ ਕਰਣ ਵਿਚ ਰੁਝਿਆ ਰਹਿੰਦਾ ਹੈ।

-- ਇਸ ਮੁੰਡੇ ਨੇ ਸੂਤ-ਸਾਤ ਦਾ ਕੰਮ ਤਾਂ ਛੱਡ ਹੀ ਦਿਤਾ ਹੈ, ਅਜਿਹਾ ਮਖੱਟੂ, ਨਲਾਇਕ ਮੁੰਡਾ ਜੰਮਦਿਆਂ ਹੀ ਕਿਉਂ ਨਾ ਮਰ ਗਿਆ !੨।

ਭਗਤ ਜੀ ਦਾ, ਬੁਣਨ-ਤਣਨ ਦਾ ਕੰਮ ਤਿਆਗ ਕੇ ਪ੍ਰਭੂ ਦੀ ਬੰਦਗੀ ਵਲ ਲਗਣਾ, ਪੰਜਵੇਂ ਪਾਤਸ਼ਾਹ, ਸ੍ਰੀ ਗੁਰੂ ਅਰਜਨ ਸਾਹਿਬ ਵੀ, ਪੰਨਾ ੪੮੭ ਤੇ ਫੁਰਮਾਣ ਕਰਦੇ ਹਨ ਕਿ ਇਸ ਤਰ੍ਹਾਂ ਨੀਚ ਕੁਲ ਦਾ ਜੁਲਾਹਾ, ਭਗਤ ਕਬੀਰ, ਗੁਣਾਂ ਦਾ ਸਮੁੰਦਰ ਬਣ ਗਿਆ - 'ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ।। ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ।।'

ਭਗਤ ਕਬੀਰ ਜੀ, ੫੨੪ ਪੰਨੇ ਤੇ ਵੀ ਦਰਜ ਕਰਦੇ ਹਨ ਕਿ ਉਨ੍ਹਾਂ ਦੀ ਮਾਤਾ ਡੁਸਕ ਡੁਸਕ ਕੇ ਰੋਂਦੀ ਹੈ ਅਤੇ ਰਘੂ ਕੁਲ ਸ਼੍ਰੋਮਣੀ ਸ੍ਰੀ ਰਾਮ ਚੰਦਰ ਜੀ, ਪ੍ਰਭੂ ਨੂੰ ਪੁਕਾਰ ਕਰਦੀ ਹੈ ਕਿ ਇਹ ਛੋਟੇ ਛੋਟੇ ਬਚਿਆਂ ਦਾ ਨਿਰਬਾਹ ਕਿਵੇਂ ਹੋਏਗਾ, ਇਹ ਕਿਵੇਂ ਜਿਊਣਗੇ, ਕਿਉਂਕਿ ਕਬੀਰ ਜੀ ਤਾਂ ਤਣਨਾ ਬੁਣਨਾ ਤਿਆਗ ਕੇ ਆਪਣੇ ਸਰੀਰ ਤੇ, ਹਰੀ ਪ੍ਰਭੂ ਦਾ ਨਾਮ ਅੰਕਤ ਕਰ ਲਿਆ ਹੈ - 'ਮੁਸਿ ਮੁਸਿ ਰੋਵੈ ਕਬੀਰ ਕੀ ਮਾਈ।। ਏ ਬਾਰਿਕ ਕੈਸੇ ਜੀਵਹਿ ਰਘੁਰਾਈ।। ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ।। ਹਰਿ ਕਾ ਨਾਮੁ ਲਿਖਿ ਲੀਓ ਸਰੀਰ।।'

**ਸਰਬ ਸੁਖਾ ਕਾ ਏਕੁ ਹਰਿ ਸੁਆਮੀ ਸੋ ਗੁਰਿ ਨਾਮੁ ਦਇਓ।।**

**ਸੰਤ ਪ੍ਰਹਿਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ।।੩।।**

-- ਭਗਤ ਕਬੀਰ ਜੀ ਨੇ ਆਪਣੀ ਮਾਤਾ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਸਾਰੇ ਸੁਖਾਂ ਦਾ ਹਰੀ ਪ੍ਰਭੂ ਹੀ ਇਕੋ ਇਕ ਮਾਲਕ ਹੈ, ਉਸ ਪ੍ਰਭੂ ਦਾ ਨਾਮ, ਮੈਨੂੰ ਮੇਰੇ ਗੁਰੂ ਨੇ ਕ੍ਰਿਪਾ ਕਰਕੇ ਬਖ਼ਸ਼ਿਆ ਹੈ।

-- ਸੰਤ, ਭਗਤ ਪ੍ਰਹਿਲਾਦ ਦੀ, ਹਰਨਾਖ਼ਸ਼ ਨੂੰ ਨਹੁੰਆਂ ਨਾਲ ਮਾਰ ਕੇ ਜਿਸ ਨੇ ਪੈਜ ਰਖੀ ਹੈ, ਮੇਰੀ ਪੈਜ ਵੀ ਉਹੀ ਰਖੇਗਾ, ਭਾਵ ਮੇਰੇ ਬਚਿਆਂ ਨੂੰ ਵੀ ਉਹੀ ਪਾਲੇਗਾ।੩।

ਭਗਤ ਕਬੀਰ ਜੀ ਨੇ ਆਪਣੀ ਮਾਤਾ ਨੂੰ ਸਮਝਾਇਆ ਕਿ ਜਿਤਨੀ ਦੇਰ ਮੈਂ ਨਲੀ ਵਿਚ ਦੀ ਧਾਗਾ ਲੰਘਾਉਂਦਾ ਹਾਂ, ਉਤਨੀ ਦੇਰ ਮੈਨੂੰ ਮੇਰਾ ਪਿਆਰਾ ਰਾਮ ਭੁਲ ਜਾਂਦਾ ਹੈ। ਭਾਵੇਂ ਮੈਂ ਨੀਚ ਜਾਤਿ ਹਾਂ ਪਰ ਮੈਂ ਪਰਮੇਸ਼ਰ ਦੇ ਨਾਮ ਦਾ ਲਾਹਾ

ਖੱਟ ਲਿਆ ਹੈ। ਇਸ ਕਰ ਕੇ, ਹੇ ਮੇਰੀ ਮਾਤਾ ! ਹੁਣ ਮੇਰਾ ਅਤੇ ਇਨ੍ਹਾਂ ਬਚਿਆਂ ਨੂੰ ਦਾਤਾਂ ਦੇਣ ਵਾਲਾ, ਉਹੀ, ਰਘੂ ਕੁਲ ਸ਼੍ਰੋਮਣੀ, ਸ੍ਰੀ ਰਾਮ ਚੰਦਰ ਜੀ ਹਨ, ਪ੍ਰਭੂ ਹੀ ਹੈ - 'ਜਬ ਲਗੁ ਤਾਗਾ ਬਾਹਉ ਬੇਹੀ।। ਤਬ ਲਗੁ ਬਿਸਰੈ ਰਾਮੁ ਸਨੇਹੀ।।..ਓਛੀ ਮਤਿ ਮੇਰੀ ਜਾਤਿ ਜੁਲਾਹਾ।। ਹਰਿ ਕਾ ਨਾਮੁ ਲਹਿਓ ਮੈ ਲਾਹਾ।।..ਕਹਤ ਕਬੀਰ ਸੁਨਹੁ ਮੇਰੀ ਮਾਈ।। ਹਮਰਾ ਇਨ ਕਾ ਦਾਤਾ ਏਕੁ ਰਘੁਰਾਈ।।', ਪੰਨਾ ੫੨੪.

**ਘਰ ਕੇ ਦੇਵ ਪਿਤਰ ਕੀ ਛੋਡੀ ਗੁਰ ਕੋ ਸਬਦੁ ਲਇਓ।।**

**ਕਹਤ ਕਬੀਰੁ ਸਗਲ ਪਾਪ ਖੰਡਨੁ ਸੰਤਹ ਲੈ ਉਧਰਿਓ।।੪।।੪।।**

-- ਮਾਤਾ ਦੇ ਇਤਰਾਜ਼ ਤੇ ਭਗਤ ਕਬੀਰ ਜੀ ਦਸਦੇ ਹਨ ਕਿ ਜਿਹੜੇ ਦੇਵਤਿਆਂ ਦੀ, ਸਾਡੇ ਪਿਤਰ ਪੂਜਾ ਕਰਦੇ ਆਏ ਹਨ, ਮੈਂ ਆਪਣੇ ਪਿਤਰਾਂ ਦੀ ਜਿਹੜੇ ਦੇਵਤਿਆਂ ਨੂੰ ਪੂਜਣ ਦੀ ਰਵਾਇਤ ਸੀ ਉਹ ਮੈਂ ਉੱਕਾ ਹੀ ਛੱਡ ਦਿਤੀ ਹੈ। ਸਗੋਂ ਉਸ ਤੋਂ ਉਲਟ, ਮੈਂ ਆਪਣੇ ਗੁਰੂ ਤੋਂ ਗੁਰਮੰਤਰ ਲਿਆ ਹੈ।

-- ਕਬੀਰ ਸਾਹਿਬ ਅਗੋਂ ਫ਼ੁਰਮਾਣ ਕਰਦੇ ਹਨ ਕਿ ਮੈਨੂੰ ਸੰਤ ਜਨਾਂ ਦੀ ਸੰਗਤ ਬਖ਼ਸ਼ ਕੇ ਹੀ, ਉਸ ਪ੍ਰਭੂ ਨੇ, ਜੋ ਸਾਰੇ ਪਾਪਾਂ ਦਾ ਨਾਸ ਕਰਣ ਵਾਲਾ ਹੈ, ਮੇਰਾ ਉਧਾਰ ਕਰ ਦਿਤਾ ਹੈ।੪।੪।

ਭਗਤ ਕਬੀਰ ਜੀ ਨੇ ਫ਼ੁਰਮਾਣ ਕੀਤਾ ਕਿ ਨੀਵੀਂ ਜੁਲਾਹਾ ਜਾਤਿ ਕੁਝ ਨਹੀਂ ਵਿਗਾੜ ਸਕਦੀ ਜੇ ਹਿਰਦੇ ਵਿਚ ਪ੍ਰਭੂ ਗੋਪਾਲ ਵਸ ਜਾਏ। ਰਾਮ ਪ੍ਰਭੂ, ਨਾਮ ਰੂਪ ਹੋ ਕੇ ਮੇਰੇ ਕੰਠ ਵਿਚ ਵਸ ਗਿਆ, ਭਾਵ, ਖ਼ੂਬ ਸਿਮਰਣ ਕਰ ਲਿਆ ਜਿਸ ਕਰ ਕੇ ਮੇਰੇ ਸਾਰੇ ਜੰਜਾਲ, ਮੁਸੀਬਤਾਂ ਦੂਰ ਹੋ ਗਈਆਂ ਹਨ - 'ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ।। ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ।।', ਪੰਨਾ ੧੩੬੮. ਪਰ ਅਜਿਹਾ, ਸੰਤ ਜਨਾਂ ਦੀ ਸੰਗਤਿ ਦੀ ਬਰਕਤ ਸਦਕਾ ਹੀ ਹੁੰਦਾ ਹੈ।

